# ਸਰਕਾਰ ਵਲੋਂ ਪੁਲਿਸ ਵਾਲਿਆਂ ਨਾਲ ਕੀਤੀਆਂ ਬੇਇਨਸਾਫ਼ੀਆਂ ਵਿਰੁਧ ਆਵਾਜ਼ ਬੁਲੰਦ ਕਰਾਂਗੇ : ਨਿਸ਼ਾਨ ਸੰਸਥਾ

**ਜਲੰਧਰ, 26 ਫ਼ਰਵਰੀ (ਜਸਪਾਲ ਕੈਂਥ)** : ਨਿਸ਼ਾਨ ਅੱਪਹੋਲਡਿੰਗ ਰਾਇਟਸ ਐਂਡ ਜਸਟਿਸ ਦੇ ਨੁਮਾਇੰਦਿਆਂ ਨੇ ਅੱਜ ਇਕ ਪ੍ਰੈਸ ਕਾਨਫ਼ਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦਸਿਆ ਕਿ ਪੰਜਾਬ ਪੁਲਿਸ ਵਿਚ ਸੀਨੀਅਰ ਪੁਲਿਸ ਅਫ਼ਸਰਾਂ (ਡੀ.ਜੀ.ਪੀ. ਪੰਜਾਬ) ਵਲੋਂ ਵੱਡੇ ਪੱਧਰ 'ਤੇ ਕੀਤੀਆਂ ਬੇਇਨਸਾਫ਼ੀਆਂ ਅਤੇ ਬੇਨਿਯਮੀਆਂ ਵਿਰੁਧ ਪੰਜਾਬ ਪੁਲਿਸ ਵਾਇਰਲੈੱਸ ਵਿੰਗ ਵਿਚ ਸਾਲ 1989 ਨੂੰ ਭਰਤੀ ਹੋਏ ਪ੍ਰੋਬਸ਼ਨਰ ਏ.ਐਸ.ਆਈ. ਜਿਨ੍ਹਾਂ ਨੂੰ ਕਿ 19 ਸਾਲ ਬਾਅਦ ਤਰੱਕੀ ਦੇ ਕੇ ਇੰਸਪੈਕਟਰ ਵੀ ਬਣਾਇਆ ਗਿਆ, ਵਿਚੋਂ 2 ਐਸ.ਆਈਜ਼ ਕੰਵਲਜੀਤ ਸਿੰਘ ਅਤੇ ਰਜਿੰਦਰ ਸਿੰਘ ਵਲੋਂ ਮਿਤੀ 13 ਜਨਵਰੀ 2010 ਨੂੰ ਪੁਲਿਸ ਵਿਭਾਗ ਵਿਚੋਂ ਅਸਤੀਫਾ ਦਿਤਾ ਗਿਆ ਸੀ ਕਿਉਂਕਿ ਸਾਲ 1985 ਵਿਚ ਵਾਇਰਲੈੱਸ ਵਿੰਗ ਵਿਚ ਸਿਪਾਹੀ ਭਰਤੀ ਹੋਏ ਅਤੇ 1989 ਵਿਚ ਉਪਰੋਕਤ ਐਸ.ਆਈਜ਼ ਵੇਲੇ ਸਿਪਾਹੀ ਰਹੇ ਵਿਭੌਰ ਕੁਮਾਰ ਆਉਟ ਆਫ਼ ਟਰਨ ਤਰੱਕੀ ਦੇ ਕੇ 2003 ਤੋਂ ਇੰਸਪੈਕਟਰ ਬਣਾ ਕੇ ਜਨਰਲ ਕੈਟਾਗਿਰੀ ਵਿਚ 2 ਨੰਬਰ 'ਤੇ ਲੱਗਾ ਦਿਤਾ ਗਿਆ ਸੀ। ਪਰ ਉਨ੍ਹਾਂ ਅਸਤੀਫਿਆਂ 'ਤੇ ਵਿਚਾਰ ਕਰ ਕੇ ਇਨਸਾਫ਼ ਦੇਣ ਦੀ ਬਜਾਏ ਡੀ.ਜੀ.ਪੀ. ਪੰਜਾਬ ਨੇ ਤਾਨਾਸ਼ਾਹੀ ਅਤੇ ਅਪਣੀ ਹੈਕੜ ਦਾ ਸਬੂਤ ਦਿੰਦੇ ਹੋਏ 4 ਫ਼ਰਵਰੀ 2010 ਨੂੰ ਬਿਨਾਂ ਤੱਥਾਂ ਨੂੰ ਵਿਚਾਰਿਆਂ ਪ੍ਰਵਾਨ ਕਰ ਲਿਆ ਗਿਆ। ਇਸ ਤੋਂ ਇਲਾਵਾ 16-16 ਸਾਲ ਦੇ ਸਿਪਾਹੀ ਸੰਵਿਧਾਨ ਨੂੰ ਅੱਖੋਂ ਪਰੋਖੇ ਕਰ ਕੇ ਭਰਤੀ ਕੀਤੇ ਗਏ ਜਿਸ ਦੀ ਇਕ ਮਿਸਾਲ 1979 ਦੇ ਜੰਮ ਪਲ ਯੁਗੇਸ਼ ਕੁਮਾਰ ਜਿਸ ਨੂੰ ਕਿ ਸਾਲ 1995 ਵਿਚ ਸਿਰਫ਼ 16 ਸਾਲ 2/3 ਮਹੀਨਿਆਂ ਦਾ ਹੀ ਭਰਤੀ ਕਰ ਲਿਆ ਗਿਆ ਅਤੇ ਇਸ ਤੋਂ ਵੀ ਵੱਧ 18 ਸਾਲ ਤਕ ਪਹੁੰਚਦਿਆਂ ਪਹੁੰਚਦਿਆਂ ਉਸ ਨੂੰ ਏ.ਐਸ.ਆਈ. ਬਣਾ ਦਿਤਾ ਗਿਆ ਕਿਉਂਕਿ ਇਸ ਦਾ ਪਿਤਾ ਕੇ.ਕੇ. ਨਰੂਲਾ ਡੀ.ਜੀ.ਪੀ. ਦਾ ਪੀ.ਐਸ./ਪੀ.ਏ. ਹੈ, ਅੱਜ ਇਹ ਵਿਅਕਤੀ ਵੀ ਸਬ-ਇੰਸਪੈਕਟਰ ਕੰਫਰਮ ਹੈ।

ਉਨ੍ਹਾਂ ਦਸਿਆ ਕਿ ਅਸਤੀਫ਼ਿਆਂ ਤੋਂ ਇਕ ਦਿਨ ਬਾਅਦ ਹੀ ਪੁਲਿਸ ਹੈੱਡ ਕੁਆਟਰ ਵਿਚ ਤਾਇਨਾਤ 2 ਸੁਪਰਡੈਂਟ ਅਤੇ 4 ਕਲਰਕਾਂ 'ਤੇ ਪੁਲਿਸ ਕੇਸ ਦਰਜ ਕਰ ਕੇ ਅਸਤੀਫ਼ਿਆਂ ਦੇ ਪ੍ਰਭਾਵ ਨੂੰ ਖਤਮ ਕਰਨ 'ਤੇ ਸਾਰਾ ਦੋਸ਼ ਕਲਰਕਾਂ 'ਤੇ ਮੜਨ ਦੀ ਕੋਸ਼ਿਸ਼ ਕੀਤੀ ਗਈ ਜਦਕਿ ਪੁਲਿਸ ਪ੍ਰਸ਼ਾਸਨ ਨੇ ਮੰਨਿਆ ਕਿ ਉਪਰੋਕਤ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਗ਼ਲਤ ਤਰੱਕੀਆਂ ਹੋਈਆਂ ਹਨ। ਜੇਕਰ ਅਜਿਹੀ ਗੱਲ ਸੀ ਤਾਂ ਉਨ੍ਹਾਂ ਪ੍ਰਮੋਸ਼ਨਾਂ ਨੂੰ ਦੁਬਾਰਾ ਕਿਉਂ ਨਹੀਂ ਵਿਚਾਰਿਆ ਗਿਆ। ਜੇਕਰ ਮਾਨਯੋਗ ਹਾਈਕੋਰਟ ਤੋਂ ਪੁਲਿਸ ਬਾਰੇ ਪਤਾ ਕੀਤਾ ਜਾਵੇ ਤਾਂ ਹਜ਼ਾਰਾਂ ਰਿਟਾਂ ਪਟੀਸ਼ਨਾਂ ਪੁਲਿਸ ਕਰਮਚਾਰੀਆਂ ਵਲੋਂ ਪੁਲਿਸ ਵਿਭਾਗ ਵਿਰੁਧ ਕਈ ਸਾਲਾਂ ਤੋਂ ਲੰਬਿਤ ਚੱਲੀਆਂ ਆ ਰਹੀਆਂ ਹਨ ਅਤੇ ਜਿਨ੍ਹਾਂ ਦਾ ਫ਼ੈਸਲਾ ਵੀ ਹੋ ਚੁਕਾ ਹੈ ਜਿਵੇਂ ਕਿ ਵਿਭੌਰ ਕੁਮਾਰ ਅਤੇ ਕੁਲਦੀਪ ਸਿੰਘ ਦੀਆਂ ਰਿਟ ਪਟੀਸ਼ਨਾਂ ਖਾਰਜ ਹੋ ਚੁਕੀਆਂ ਹਨ, ਦੇ ਬਾਵਜੂਦ ਸਾਰੇ ਕਾਨੂੰਨ ਛਿੱਕੇ ਟੰਗ ਕੇ ਤਰੱਕੀਆਂ ਦਿਤੀਆਂ ਗਈਆਂ ਹਨ।

ਉਨ੍ਹਾਂ ਦਸਿਆ ਕਿ ਸਾਡੀ ਸੰਸਥਾ ਪੁਲਿਸ ਨਾਲ ਕੀਤੀ ਜਾ ਰਹੀਆਂ ਬੇਇਨਸਾਫ਼ੀਆਂ ਲਈ ਸੰਘਰਸ਼ ਕਰੇਗੀ ਤੇ ਪੁਲਿਸ ਕਰਮਚਾਰੀਆਂ ਉਨ੍ਹਾਂ ਦੇ ਹੱਕ ਲੈ ਕੇ ਦੇਵੇਗੀ।